Milton Fire & Rescue Services
610 Savoline Blvd.
Milton, ON L9T 0N3

905-878-9251
MiltonFire.ca

Punjabi / ਪੰਜਾਬੀ

# ਅੱਗ ਤੋਂ ਹਿਫਾਜ਼ਤ ਲਈ ਨੁਕਤੇ

## ਹੇਠ ਦੱਸੀਆਂ ਥਾਵਾਂ ਵਿੱਚ ਧੂੰਏ ਅਤੇ ਕਾਰਬਨ ਮੋਨੋਕਸਾਈਡ ਦੇ ਅਲਾਰਮ ਲਾਉਣਾ ਲਾਜ਼ਮੀ ਹੈ:

- ਤੁਹਾਡੇ ਘਰ ਦੀ ਹਰ ਮੰਜ਼ਿਲ 'ਤੇ
- ਸੌਣ ਵਾਲੀਆਂ ਸਾਰੀਆਂ ਥਾਵਾਂ ਦੇ ਬਾਹਰ

## ਜ਼ਰੂਰੀ ਰਿਮਾਇੰਡਰ:

- ਆਪਣੇ ਸਮੋਕ ਅਲਾਰਮਾਂ ਨੂੰ ਹਰ ਮਹੀਨੇ ਜਾਂਚੋ
- ਮਿਆਦ ਪੁੱਗਣ ਦੀ ਮਿਤੀ ਵੇਖੋ ਜਾਂ ਹਰ 10 ਸਾਲ ਬਾਅਦ ਅਲਾਰਮ ਬਦਲ ਦਿਓ
- ਸਾਲ ਵਿੱਚ ਇੱਕ ਵਾਰ ਅਲਾਰਮ ਬੈਟਰੀਆਂ ਬਦਲੋ
- ਸਮੋਕ ਅਲਾਰਮ ਨੂੰ ਬਦਲਦੇ ਸਮੇਂ, ਧਿਆਨ ਰੱਖੋ ਕਿ ਹਾਰਡਵਾਇਰਡ ਅਲਾਰਮ ਨੂੰ ਹਾਰਡਵਾਇਰਡ ਯੂਨਿਟਾਂ ਨਾਲ ਹੀ ਬਦਲਣਾ ਲਾਜ਼ਮੀ ਹੈ।

## ਕਾਰਬਨ ਮੋਨੋਕਸਾਈਡ ਕੀ ਹੈ?

- "ਚੁਪ-ਚੁਪੀਤਾ ਕਾਤਲ" (Silent Killer) ਕਹੀ ਜਾਣ ਵਾਲੀ ਕਾਰਬਨ ਮੋਨੋਕਸਾਈਡ ਇੱਕ ਅਦਿੱਖ, ਮੁਸ਼ਕ-ਰਹਿਤ, ਤੇ ਰੰਗ-ਹੀਣ ਗੈਸ ਹੈ।

# ਰੋਕਥਾਮ ਚੈੱਕਲਿਸਟ:

## ਆਪਣੇ ਆਪ ਅਤੇ ਆਪਣੇ ਪਿਆਰਿਆਂ ਨੂੰ ਬਚਾਉਣ ਦਾ ਸਭ ਤੋਂ ਚੰਗਾ ਤਰੀਕਾ ਹੈ ਤਿਆਰ ਰਹਿਣਾ।

**ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਘਰ ਖ਼ਤਰੇ ਤੋਂ ਰਹਿਤ ਹੋਵੇ, ਹੇਠ ਲਿਖੀ ਸੂਚੀ ਦੀ ਵਰਤੋਂ ਕਰੋ:**

- [ ] ਸਾਰੇ ਸਮੋਕ ਅਲਾਰਮਾਂ ਦੀ ਜਾਂਚ ਕਰੋ ਅਤੇ ਉਹਨਾਂ ਨੂੰ ਬਦਲੋ ਜੋ ਐਕਸਪਾਇਰ ਹੋ ਚੁੱਕੇ ਹਨ
- [ ] ਇਹ ਯਕੀਨੀ ਬਣਾਓ ਕਿ ਹਰੇਕ ਸੌਣ ਵਾਲੇ ਖੇਤਰ ਦੇ ਬਾਹਰ ਅਤੇ ਘਰ ਦੇ ਹਰੇਕ ਲੈਵਲ 'ਤੇ ਕਾਰਬਨ ਮੋਨੋਕਸਾਈਡ ਅਲਾਰਮ ਲਗਾਏ ਗਏ ਹਨ
- [ ] ਪਰਿਵਾਰ ਲਈ ਇੱਕ ਨਿਕਾਸੀ ਦੀ ਯੋਜਨਾ ਬਣਾਓ ਅਤੇ ਉਸਦਾ ਅਭਿਆਸ ਕਰੋ
- [ ] ਹਰੇਕ ਕਮਰੇ ਤੋਂ ਦੋ ਸਾਫ਼ ਨਿਕਾਸ ਸਥਾਨਾਂ ਦੀ ਪਛਾਣ ਕਰੋ ਅਤੇ ਉਹਨਾਂ ਨੂੰ ਬਣਾਈ ਰੱਖੋ
- [ ] ਫਰਨੈਸ ਦੇ ਆਲੇ ਦੁਆਲੇ ਦੇ ਖੇਤਰ ਨੂੰ ਸਟੋਰ ਕੀਤੀਆਂ ਚੀਜ਼ਾਂ ਤੋਂ ਖਾਲੀ ਰੱਖੋ

☐ਖਾਣਾ ਪਕਾਉਂਦੇ ਸਮੇਂ ਸੁਚੇਤ ਰਹੋ

☐ਬਿਜਲੀ ਦੀਆਂ ਤਾਰਾਂ ਦੀ ਜਾਂਚ ਕਰੋ ਅਤੇ ਖਰਾਬ ਹੋਈਆਂ ਕਿਸੇ ਵੀ ਤਾਰਾਂ ਨੂੰ ਬਦਲੋ

☐ਕਮਰੇ ਤੋਂ ਬਾਹਰ ਜਾਣ ਤੋਂ ਪਹਿਲਾਂ ਸਾਰੀਆਂ ਮੋਮਬੱਤੀਆਂ ਨੂੰ ਬੁਝਾ ਦਿਓ

☐ਸਪੇਸ ਹੀਟਰਾਂ ਨੂੰ ਕਿਸੇ ਵੀ ਅਜਿਹੀ ਚੀਜ਼ ਤੋਂ ਦੂਰ ਰੱਖੋ ਜੋ ਸੜ ਸਕਦੀ ਹੈ

☐ਸਿਗਰਟਾਂ ਨੂੰ ਸੁਰੱਖਿਅਤ ਅਤੇ ਸਹੀ ਢੰਗ ਨਾਲ ਸੁੱਟੋ

☐ਆਪਣੇ ਸੰਪ ਪੰਪ ਦੇ ਆਲੇ ਦੁਆਲੇ ਇੱਕ ਸਾਫ਼ ਖੇਤਰ ਬਣਾਈ ਰੱਖੋ

☐ਇਲੈਕਟ੍ਰਾਨਿਕ ਡਿਵਾਈਸਾਂ ਨੂੰ ਸਿਰਫ਼ ਇੱਕ ਸਖ਼ਤ, ਸਮਤਲ ਸਤ੍ਹਾ 'ਤੇ ਚਾਰਜ ਕਰੋ

☐ਸਾਲਾਨਾ ਤੌਰ 'ਤੇ ਇੱਕ ਯੋਗਤਾ ਪ੍ਰਾਪਤ ਟੈਕਨੀਸ਼ੀਅਨ ਦੁਆਰਾ ਸਾਰੇ ਫਿਊਲ ਨਾਲ ਚਲਣ ਵਾਲੇ ਉਪਕਰਣਾਂ ਦੀ ਜਾਂਚ ਕਰਵਾਓ

ਮਿਲਟਨ ਫਾਇਰ ਐਂਡ ਰੈਸਕਿਊ ਸਰਵਿਸਿਜ਼ (Milton Fire & Rescue Services)

905-878-9251

www.MiltonFire.ca